National Research Journal of Social Sciences
Volume-11, Issue-1, January-June 2026
PP: 146-151

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ: ਸ਼ਹਾਦਤ ਦਾ ਗੌਰਵ

**ਸੁਨੀਤਾ ਰਾਣੀ**

ਪੰਜਾਬੀ ਵਿਭਾਗ, ਡੀ.ਐੱਮ. ਕਾਲਜ ਮੋਗਾ।

**Abstract (ਐਬਸਟ੍ਰੈਕਟ)**

ਆਮ ਵਿਅਕਤੀ ਆਪਣਾ ਜੀਵਨ ਭੈਅ ਅਧੀਨ ਜਿਉਂਦਾ ਹੈ। ਸਭ ਤੋਂ ਵੱਡਾ ਭੈਅ ਮੌਤ ਦਾ ਹੁੰਦਾ ਹੈ। ਦੇਹ ਦੀ ਮਨੁੱਖੀ ਹੋਂਦ ਦੀ ਸਭ ਤੋਂ ਵੱਡੀ ਪਦਾਰਥਕ ਪ੍ਰਾਪਤੀ ਹੈ। ਇਸਦੇ ਖੁੱਸ ਜਾਣ ਦਾ ਡਰ ਹੀ ਸਭ ਤੋਂ ਭਿਆਨਕ ਭੈਅ ਬਣ ਜਾਂਦਾ ਹੈ। ਇਹ ਡਰ ਮਨੁੱਖ ਦੇ ਨਾਲ-ਨਾਲ ਚਲਦਾ ਹੈ। ਪਦਾਰਥ ਦੇ ਵੱਧਣ ਨਾਲ ਦੁੱਖ ਵੀ ਵੱਧਦਾ ਜਾਂਦਾ ਹੈ। ਮਨੁੱਖੀ ਚੇਤਨਾ ਇਸ ਦੁੱਖ ਤੋਂ ਮੁਕਤ ਹੋਣ ਦਾ ਯਤਨ ਕਰਦੀ ਹੈ। ਮਨੁੱਖ ਜਦੋਂ ਧਰਮ ਮਾਰਗ ਤੇ ਚਲਣਾ ਸ਼ੁਰੂ ਕਰਦਾ ਹੈ ਤਾਂ ਉਸਨੂੰ ਹਰ ਕਿਸਮ ਦੇ ਡਰ ਤੋਂ ਮੁਕਤੀ ਮਿਲ ਜਾਂਦੀ ਹੈ। ਮਾਨਵੀ ਚੇਤਨਾ ਭੈਅ ਮੁਕਤਤਾ ਵਲ ਵੱਧਦੀ ਹੋਈ ਧਰਮ ਵਜੂਦ ਵਿਚ ਮਿਲ ਕੇ ਜੀਵਨ ਮੁਕਤ ਹੋ ਕੇ ਪਰਮ ਸ਼ਕਤੀ ਨਾਲ ਇਕਮਿਕ ਹੋ ਜਾਂਦੀ ਹੈ। ਜਿਸ ਮੌਤ ਦਾ ਭੈਅ ਮਨੁੱਖ ਨੂੰ ਸਾਰਾ ਜੀਵਨ ਸਤਾਉਂਦਾ ਹੈ, ਉਸਤੋਂ ਮੁਕਤ ਹੋ ਕੇ ਮਨੁੱਖਤਾ ਲਈ ਦਿੱਤੀ ਗਈ ਕੁਰਬਾਨੀ ਸ਼ਹਾਦਤ ਅਖਵਾਉਂਦੀ ਹੈ। ਸ਼ਹਾਦਤ ਤਸ਼ੱਦਦ ਅਤੇ ਅਤਿਆਚਾਰਾਂ ਦੇ ਵਿਰੁੱਧ ਇਕ ਖਾਮੋਸ਼ ਪ੍ਰਤੀਕਿਰਿਆ ਹੈ। ਸਹਿਣਸ਼ੀਲਤਾ ਜਿਸਦਾ ਆਧਾਰ ਬਣਦੀ ਹੈ। ਸ਼ਹਾਦਤ ਸੱਚ ਨੂੰ ਸਥਾਪਤ ਕਰਨ ਦਾ ਸ਼ਕਤੀਸ਼ਾਲੀ ਸਾਧਨ ਹੋ ਨਿਬੜਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਧਾਂਤਾਂ ਪ੍ਰਤੀ ਪ੍ਰਤੀਬੱਧਤਾ ਅਤੇ ਸਚਾਈ ਦਾ ਇਕ ਵਿਰਾਟ ਪ੍ਰਕਾਸ਼ਨ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸ਼ਹਾਦਤ ਮਨੁੱਖ ਨੂੰ ਦਮਨ, ਜ਼ੁਲਮ ਤੇ ਜਬਰ ਦੇ ਵਿਰੁੱਧ ਭੈਅ ਅਤੇ ਵੈਰ ਰਹਿਤ ਸੰਜਮ ਧਾਰਣ ਕਰਕੇ ਸਹਿਜ ਅਤੇ ਸ਼ਾਂਤ ਜੀਵਨ ਮਾਰਗ ਧਾਰਣ ਕਰਦਿਆਂ, ਬ੍ਰਹਿਮੰਡੀ ਹੋਂਦ ਨਾਲ ਇਕਸੁਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਡਾ. ਗੁਰਭਗਤ ਸਿੰਘ ਸਿੱਖ ਦ੍ਰਿਸ਼ਟੀ ਦਾ ਗੌਰਵ ਪੁਸਤਕ ਵਿਚ ਇਸਨੂੰ 'ਉਦਾਤ ਸ਼ਹਾਦਤ' ਅਤੇ ਕੈਲੇਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਨੋਇਲ ਕਿੰਗ ਇਸਨੂੰ 'ਮਨੁੱਖੀ ਅਧਿਕਾਰਾਂ' ਲਈ ਦਿੱਤੀ ਗਈ ਪਹਿਲੀ ਸ਼ਹਾਦਤ ਦਾ ਨਾਂ ਦਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਆਪ ਜੀ ਦੀ ਜਨਮ ਦਾਤੀ ਹੈ। "ਜਦੋਂ ਪਿਤਾ ਗੁਰੂ ਨੇ ਨਵ-ਜਨਮੇਂ ਬਾਲਕ ਦੇ ਦਰਸ਼ਨ ਕੀਤੇ ਤਾਂ ਇਸ ਵਿਚ ਆਪਣੇ ਪਿਤਾ ਵਾਲੇ ਦਿਬ ਗੁਣ ਵੇਖੇ। ਉਹਨਾਂ ਨੇ ਇਕ ਮਹਾਂਬਲੀ ਦੀ ਝਲਕ ਇਸ ਬਾਲਕ ਵਿੱਚ ਪੈਂਦੀ ਵੇਖੀ ਤੇ ਇਸਦਾ ਨਾਮ ਤੇਗ ਬਹਾਦਰ, ਰੱਖਿਆ। ਗੁਰੂ ਪਿਤਾ ਨੇ ਬੱਚੇ ਨੂੰ ਪ੍ਰਣਾਮ ਕਰਦੇ ਹੋਏ ਆਖਿਆ, ਇਹ ਬਾਲਕ ਧਰਮ ਰੱਖਿਅਕ ਹੋਵੇਗਾ। ਇਸਦਾ ਤੇਜ਼-ਪ੍ਰਤਾਪ ਤੇ ਕੀਰਤੀ ਸਾਰੇ ਸੰਸਾਰ ਵਿੱਚ ਫੈਲੇਗੀ।[1]"

ਗੁਰੂ ਘਰ ਦੀਆਂ ਰਵਾਇਤਾਂ ਅਨੁਸਾਰ ਬਾਲਕ (ਗੁਰੂ) ਤੇਗ ਬਹਾਦਰ ਜੀ ਨੂੰ ਸ਼ਸਤਰ ਤੇ ਸ਼ਾਸਤਰ ਦੀ ਸਿਖਲਾਈ ਦਿੱਤੀ ਗਈ। ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਨੇ ਆਪਣੀ ਪੁੱਤਰੀ ਗੁਜਰੀ ਦਾ ਰਿਸ਼ਤਾ ਗੁਰੂ ਜੀ ਨਾਲ ਕਰ ਦਿੱਤਾ। ਬੇਸ਼ੱਕ ਗੁਰੂ ਜੀ ਗ੍ਰਿਹਸਤੀ ਹੋ ਗਏ ਸਨ ਪਰੰਤੂ ਆਪ ਜੀ ਦੀਆਂ ਰੁਚੀਆਂ ਇਕਾਂਤਵਾਸ ਤੇ ਭਗਤੀ ਭਰਪੂਰ ਸਨ। ਗੁਰੂ ਜੀ ਆਪਣੇ ਗੁਰੂ ਪਿਤਾ ਦੇ ਹੁਕਮ ਅਨੁਸਾਰ ਆਪਣੇ ਪਰਿਵਾਰ ਸਮੇਤ ਬਕਾਲੇ ਜਾ ਕੇ ਤਪੱਸਿਆ ਵਿਚ ਜੁਟ ਗਏ। ਗੁਰੂ ਸਾਹਿਬ ਨੇ 1644 ਈ: ਤੋਂ ਲੈ ਕੇ 1664 ਤੱਕ ਬਾਬੇ ਬਕਾਲੇ ਰਹਿ ਕੇ ਘੋਰ ਤਪੱਸਿਆ ਕੀਤੀ। 30 ਮਾਰਚ 1664 ਈ: ਨੂੰ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਵਿਖੇ ਜੋਤੀ ਜੋਤ ਸਮਾਣ ਤੋਂ ਪਹਿਲਾਂ ਆਖਿਆ 'ਬਾਬਾ ਬਕਾਲੇ' ਤਾਂ ਤਪਸਵੀ ਤੇਗ ਬਹਾਦਰ ਗੁਰੂ ਤੇਗ ਬਹਾਦਰ ਹੋ ਕੇ ਪ੍ਰਗਟ ਹੋਏ। ਇਹ ਸਿਹਰਾ ਮੱਖਣ ਸ਼ਾਹ ਲੁਬਾਣੇ ਦੇ ਸਿਰ ਬੱਝਦਾ ਹੈ ਜਦੋਂ ਉਹ ਕਹਿੰਦਾ ਹੈ 'ਗੁਰੂ ਲਾਧੋ ਰੇ ਗੁਰੂ ਲਾਧੋ ਰੇ'। ਗੁਰੂ ਤੇਗ ਬਹਾਦਰ ਜੀ 1665 ਈ: ਨੂੰ ਬਾਬੇ ਬਕਾਲੇ ਵਿਚ ਬਿਰਾਜੇ ਤਾਂ ਇਹਨਾਂ ਦੀ ਗੁਰਿਆਈ ਤਿਲਕ ਦੀ ਰਸਮ ਭਾਈ ਗੁਰਦਿੱਤਾ ਜੀ ਨੇ ਕੀਤੀ। ਗੁਰੂ ਜੀ ਨੇ ਪ੍ਰਗਟ ਹੋਣ ਤੋਂ ਬਾਅਦ ਕੋਈ ਛੇ ਕੁ ਸਾਲ ਪੰਜਾਬੋਂ ਬਾਹਰ ਪਟਨਾ, ਆਸਾਮ ਆਦਿ ਵੱਲ ਪ੍ਰਚਾਰ ਕੀਤਾ ਤੇ ਤਿੰਨ-ਚਾਰ ਸਾਲ ਦਾ ਸਮਾਂ ਆਪਣੇ ਪਰਿਵਾਰ ਨਾਲ ਰਹੇ। ਅੰਤ ਬਾਦਸ਼ਾਹੀ ਹੁਕਮ ਨਾਲ ਦਿੱਲੀ ਵਿੱਚ 1675 ਈ: ਨੂੰ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਯਾਤਰਾਵਾਂ ਦੌਰਾਨ ਸਭ ਨਾਲ ਮਿੱਠੇ-ਮਿੱਠੇ ਬਚਨ ਕਰਦੇ, ਉਪਦੇਸ਼ ਦਿੰਦੇ, ਭਰਮ ਭੁਲੇਖੇ ਦੂਰ ਕਰਦੇ ਅਤੇ ਸੰਸਿਆ ਤੋਂ ਮੁਕਤ ਕਰਦੇ ਸਨ। ਗੁਰੂ ਜੀ ਕੋਲ ਉਹਨਾਂ ਦੀ ਯਾਤਰਾ ਦੌਰਾਨ ਵੀ ਔਰੰਗਜ਼ੇਬ ਦੇ ਅਤਿਆਚਾਰਾਂ ਦੀ ਖ਼ਬਰ ਪਹੁੰਚਦੀ ਰਹੀ ਸੀ। ਔਰੰਗਜ਼ੇਬ ਦੀ ਖ਼ਤਰਨਾਕ ਨੀਤੀ ਸਭ ਥਾਈਂ ਦਹਿਸ਼ਤਗਰਦੀ ਦਾ ਮਾਹੌਲ ਪੈਦਾ ਕਰ ਰਹੀ ਸੀ। ਭਾਵੇਂ ਕਿ ਤਖ਼ਤ ਪ੍ਰਾਪਤੀ ਤੋਂ ਬਾਅਦ ਦਸ-ਸਾਲ ਅਥਵਾ 1658 ਤੋਂ 1669 ਈ: ਤੱਕ ਉਸਦੀ ਨੀਤੀ ਹਿੰਦੁਸਤਾਨ ਦੇ ਕਿਸੇ ਮਜ਼ਹਬ ਜਾਂ ਫਿਰਕੇ ਦੇ ਵਿਰੋਧ ਵਿਚ ਨਹੀਂ ਸੀ। ਔਰੰਗਜ਼ੇਬ ਨੇ ਬਾਬਾ ਰਾਮਰਾਇ ਅਤੇ ਮਿਰਜਾ ਰਾਜਾ ਜੈ ਸਿੰਘ ਪ੍ਰਤੀ ਨਿਮਰਤਾ ਪੂਰਨ ਹੀ ਵਿਵਹਾਰ ਕੀਤਾ ਸੀ। ਜਦੋਂ ਸ਼ਿਵਾ ਜੀ ਔਰੰਗਜ਼ੇਬ ਦੀ ਕੈਦ ਚੋਂ ਬਚ ਨਿਕਲਿਆ ਤਾਂ ਉਸਨੇ ਇਸਦਾ ਬਦਲਾ ਹਿੰਦੂ ਜਾਤ ਨਾਲ ਲਿਆ। ਫਿਰ ਘਮੰਡੀ ਬਾਦਸ਼ਾਹ ਦੇ ਹੁਕਮ ਨਾਲ ਹਿੰਦੂਆਂ ਦੇ ਮੰਦਿਰ, ਵਿੱਦਿਆ ਕੇਂਦਰ ਤੇ ਧਾਰਮਿਕ ਗ੍ਰੰਥ ਤਬਾਹ ਕਰ ਦਿੱਤੇ ਗਏ ਸਨ। ਹਿੰਦੂਆਂ ਉੱਤੇ ਜ਼ਜੀਆ ਲਗਾ ਦਿੱਤਾ ਅਤੇ ਉਹਨਾਂ ਨੂੰ ਸਰਕਾਰੀ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਸੀ। ਕਵੀਆਂ ਤੇ ਸੰਗੀਤਕਾਰਾਂ ਨੂੰ ਸ਼ਾਹੀ ਦਰਬਾਰ ਵਿਚੋਂ ਕੱਢ ਦਿੱਤਾ ਗਿਆ ਸੀ। ਔਰੰਗਜ਼ੇਬ ਦੀ ਕਠੋਰਤਾ ਏਥੋਂ ਤੱਕ ਵਧੀ ਕਿ ਭਾਰਤ ਨੂੰ ਕਾਫ਼ਰਾਂ ਦਾ ਦੇਸ਼ ਕਹਿ ਕੇ ਇਸਨੂੰ ਭੰਡਿਆ ਜਾਂਦਾ ਸੀ।

ਔਰੰਗਜ਼ੇਬ ਭਾਰਤ ਨੂੰ ਇਸਲਾਮ ਦਾ ਦੇਸ਼ ਬਨਾਉਣਾ ਚਾਹੁੰਦਾ ਸੀ। ਇਸੇ ਮਨਸੂਬੇ ਨੂੰ ਪੂਰਨ ਕਰਨ ਲਈ ਹਿੰਦੂਆਂ ਦੇ ਕਤਲ ਤੇ ਜ਼ੁਲਮ ਦੀ ਅੰਨੀ ਹਨੇਰੀ ਵਗਾ ਦਿੱਤੀ ਸੀ। ਔਰੰਗਜ਼ੇਬ ਨਾ ਕੇਵਲ ਹਿੰਦੂ ਜਨਤਾ ਉੱਤੇ ਜ਼ੁਲਮ ਕਰ ਰਿਹਾ ਸੀ ਸਗੋਂ 'ਸ਼ੀਆ ਮੁਸਲਮਾਨਾ' ਨੂੰ ਵੀ ਸੁੰਨੀ ਬਣਨ ਲਈ ਮਜ਼ਬੂਰ ਕਰ ਰਿਹਾ ਸੀ। ਇਸ ਕਰਕੇ ਲੋਕ ਔਰੰਗਜ਼ੇਬ ਨੂੰ ਸ਼ੀਆ ਗ਼ਫਜ਼ੀ (ਸ਼ੀਆ ਲੋਕਾਂ ਦਾ ਕਾਤਲ) ਕਹਿਣ ਲੱਗੇ। ਔਰੰਗਜ਼ੇਬ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗਰੀਬਾਂ ਨੂੰ ਤਾਂ ਲਾਲਚ ਦੇ ਕੇ ਮੁਸਲਮਾਨ ਬਣਾ ਰਿਹਾ ਸੀ। ਫਿਰ ਉਸਨੇ ਸੋਚਿਆ ਜੋ ਹਿੰਦੂਆਂ ਨੂੰ ਧਾਰਮਿਕ ਮਤ ਦਿੰਦੇ ਹਨ ਜੇ ਉਹਨਾਂ ਬ੍ਰਾਹਮਣਾਂ ਨੂੰ ਮੁਸਲਮਾਨ ਬਣਾ ਲਿਆ ਜਾਏ ਤਾਂ ਇਹ ਸਾਰੇ ਆਪੇ ਹੀ ਇਸਲਾਮ ਕਬੂਲ ਕਰ ਲੈਣਗੇ। ਇਸੇ ਮਨਸ਼ਾ ਅਧੀਨ ਉਹ ਬ੍ਰਾਹਮਣਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਲੱਗ ਗਿਆ। ਇਸ ਸਮੁੱਚੇ ਵਰਤਾਰੇ ਨੂੰ ਭਾਈ ਮਨੀ ਸਿੰਘ ਨੇ ਸਿੱਖਾਂ ਦੀ ਭਗਤ ਮਾਲਾ ਵਿਚ ਦਰਜ ਕੀਤਾ ਹੈ।

ਤਬ ਮੁਗ਼ਲ ਚੁਗਤਾ ਦਹਿਲੀ ਪੱਤਾ ਭਇਓ ਕੁਪੱਤਾ ਮਦ ਮੱਤਾ

ਨਾ ਜਾਨੀਸੱਤਾ ਇਕ ਅਲਵਤਾ ਗਹੀ ਕੁ ਕਤਾ ਮਨ ਮੱਤਾ

ਚਾਹੀ ਉਨ ਕਰਨ ਸਰਾਈ ਧਰਨੀ ਦੀਨ ਸੁਵਰਨੀ ਤੁਰਕਾਨੀ

ਮੰਦਿਰ ਬਹੁ ਗੇਰੇ, ਦੇਵਲ ਗੇਰੇ, ਬਿਨਹੀ ਡੇਰੇ ਅਭਿਮਾਨੀ

ਕਿਛ ਲੋਭ ਦਿਖਾਏ, ਜ਼ੁਲਮ ਕਰਾਏ ਤੁਰਕ ਬਨਾਏ ਬਹੁਤ ਹਿੰਦੂ

ਜੋ ਤਿਲਕ ਲਗਾਵੈ ਜੰਜੂ ਪਾਵੇ, ਤਿਹ ਸੰਭਾਵੈ ਤੁਰਕਿੰਦੂ।[2]

ਇਕ ਪਾਸੇ ਹਕੂਮਤੀ ਕਹਿਰ, ਬਾਦਸ਼ਾਹੀ ਗੁਮਾਨ ਤੇ ਆਪਣੇ ਧਰਮ ਦਾ ਜਨੂੰਨ ਤਤਕਾਲੀ ਜਨਤਾ ਨੂੰ ਹਲਾਕ ਕਰ ਰਿਹਾ ਸੀ। ਦੂਜੇ ਪਾਸੇ ਦੱਬੀ ਕੁਚਲੀ ਮਾਨਸਿਕਤਾ ਜੋ ਸਭ ਕੁਝ ਬਰਦਾਸ਼ਤ ਕਰ ਰਹੀ ਸੀ, ਤੀਜੇ ਪਾਸੇ ਜੀਵਨ ਦੀ ਛਿਣ ਭੰਗਰਤਾ ਸੀ। ਇਹਨਾਂ ਸਭ ਸਮੱਸਿਆਂ ਦਾ ਹੱਲ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਅਤੇ ਜੀਵਨ ਨਿਰਬਾਹ ਬਣਦਾ ਹੈ। ਫੇਰ ਬ੍ਰਾਹਮਣਾਂ ਨੂੰ ਉੱਤਰ ਭਾਰਤ ਦਾ ਧਿਆਨ ਆਇਆ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲਾਂ ਨਾਲ ਸਿੱਧੀ ਟੱਕਰ ਲਈ ਸੀ। ਉਹਨਾਂ ਪਾਸ ਚਲ ਕੇ ਬੇਨਤੀ ਕੀਤੀ ਜਾਵੇ। ਉਹਨਾਂ ਦੀ ਜਸ ਕੀਰਤੀ ਏਸ ਵੇਲੇ ਆਸਾਮ, ਢਾਕੇ ਬੰਗਾਲ ਤੋਂ ਲੈ ਕੇ ਪੰਜਾਬ ਤੱਕ ਫੈਲ ਚੁੱਕੀ ਸੀ।

ਅਖ਼ੀਰ ਫ਼ੈਸਲਾ ਹੋਇਆ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਉੱਤਰੀ ਭਾਰਤ ਦੇ 500 ਬ੍ਰਾਹਮਣ ਇਕੱਠੇ ਹੋ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਜਾਣ ਤੇ ਧਰਮ ਰੱਖਿਆ ਲਈ ਬੇਨਤੀ ਕਰਨ। ਇਹੋ ਹੀ ਹੋਇਆ। ਸਾਰੇ ਆਨੰਦਪੁਰ ਪਹੁੰਚ ਗਏ। ਜਾ ਕੇ ਸ਼ਾਮਾਂ ਦੇ ਦੀਵਾਨ ਵਿਚ ਪੰਡਤ ਕਿਰਪਾ ਰਾਮ ਦੇ ਹੋਰ ਸਾਥੀਆਂ ਨੇ ਸਾਰੀ ਵਿਥਿਆ ਸੁਣਾਈ। ਉਂਵ ਗੁਰੂ ਸਾਹਿਬ ਨੂੰ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ। ਉਹਨਾਂ ਤਰਲਾ ਲਿਆ ਉਹਨਾਂ ਦਾ ਹਿੰਦੂ ਧਰਮ ਬਚਿਆ ਰਹੇ। ਉਹਨਾਂ ਦੇ ਮੰਦਰ-ਮੂਰਤੀਆਂ ਸੁਰੱਖਿਆਤ ਰਹਿਣ।

ਝਟ ਹੀ ਬਾਲ ਗੁਰੂ ਨੇ ਸਮੱਸਿਆ ਦਾ ਹੱਲ ਕਰ ਦਿੱਤਾ। ਪਿਤਾ ਦੀ ਚਿੰਤਾ ਦੂਰ ਕਰ ਦਿੱਤੀ, ਆਪ ਹੀ ਕਹਿ ਦਿੱਤਾ, "ਪਿਤਾ ਜੀ ਆਪ ਤੋਂ ਵੱਡਾ ਹੋਰ ਕੌਣ ਮਹਾਂਪੁਰਖ ਹੈ ਜੋ ਤਿਲਕ ਜੰਞੂ ਦੀ ਰੱਖਿਆ ਖਾਤਰ ਆਪਣਾ ਸੀਸ ਬਲੀਦਾਨ ਕਰ ਸਕਦਾ ਹੈ ?" ਗੱਲ ਸੁਣਦਿਆਂ ਹੀ ਪਿਤਾ ਜੀ ਦਾ ਚਿਹਰਾ ਭੱਖ ਉਠਿਆ। ਲਾਲ ਜੀ ਨੂੰ ਛਾਤੀ ਨਾਲ ਲਾ, ਮੂੰਹ ਚੁੰਮਿਆ, "ਮੈਨੂੰ ਤੇਰੇ ਤੋਂ ਇਹੋ ਉਮੀਦ ਸੀ, ਤੁਹਾਡੇ ਨਿਰਭੈਤਾ ਤੇ ਚੜ੍ਹਦੀ ਕਲਾ ਵਾਲੇ ਬਚਨਾਂ ਨੇ ਸੰਕਟ ਹਰਨ ਦਾ ਹੱਲ ਸੁਝਾਅ ਦਿੱਤਾ ਹੈ। ਮੈਨੂੰ ਪੂਰਨ ਭਰੋਸਾ ਹੈ, ਤੁਸੀਂ ਮੇਰੇ ਪਿਛੇ ਪੰਥ ਦੀ ਵਾਗਡੋਰ ਸੰਭਾਲ ਸਕੋਗੇ ਤੁਸੀਂ ਤਾਂ ਧੁਰੋਂ ਵਰੋਸਾਏ, ਆਏ ਹੀ ਦੁਸ਼ਟ ਦਮਨ ਕਰਨ ਹੋ। ਧਰਮ ਰੱਖਿਆ ਤੁਹਾਡੀ ਕਾਰ ਹੈ। ਧੰਨ ਹੈ ਮੇਰੇ ਲਾਲ ! ਧੰਨ ਹੋ !"

ਦਿਨ ਚੜ੍ਹਿਆ ਸੰਕਟ ਮੋਚਨ ਨੌਵੇਂ ਪਾਤਸ਼ਾਹ ਨੇ ਕਿਰਪਾ ਰਾਮ ਤੇ ਉਸਦੇ ਸਾਥੀਆਂ ਨੂੰ ਬੁਲਾਇਆ ਤੇ ਕਿਹਾ ਜਾਉ ਜਾ ਕੇ ਦਿੱਲੀ ਦਰਬਾਰ ਨੂੰ ਆਖੋ-ਜੇ ਨੌਵੇਂ ਗੁਰੂ ਇਸਲਾਮ ਕਬੂਲ ਕਰ ਲੈਣਗੇ ਤਾਂ ਅਸੀਂ ਵੀ ਸਾਰੇ ਹਿੰਦੂ ਅਤੇ ਬ੍ਰਾਹਮਣ ਇਸਲਾਮ ਕਬੂਲ ਕਰ ਲਵਾਂਗੇ।

ਦੋ ਚਾਰ ਦਿਨ ਆਨੰਦਪੁਰ ਠਹਿਰ ਕੇ ਪੰਡਤ ਲਾਹੌਰ ਪੁੱਜ ਗਏ ਉਹਨੀਂ ਦਿਨੀਂ ਔਰੰਗਜ਼ੇਬ ਹਸਨ ਅਬਦਾਲ ਠਹਿਰਿਆ ਹੋਇਆ ਸੀ। ਉਹਨਾਂ ਲਾਹੌਰ ਦੇ ਸੂਬੇ ਰਾਹੀਂ ਸਾਰੀ ਗੱਲ ਤੇ ਸਾਰੀਆਂ ਸ਼ਰਤਾਂ ਔਰੰਗਜ਼ੇਬ ਤੱਕ ਪੁਚਾ ਦਿੱਤੀਆਂ। ਔਰੰਗਜ਼ੇਬ ਨੂੰ ਪਤਾ ਸੀ ਕਿ ਗੁਰੂ ਤੇਗ ਬਹਾਦਰ ਬਾਬਾ ਰਾਮਰਾਇ ਦੇ ਚਾਚਾ ਲਗਦੇ ਹਨ। ਸੋਚਿਆ ਇਹ ਵੀ ਉਹਨਾਂ ਵਾਂਗ ਜ਼ਮੀਨ ਜਾਇਦਾਦ ਦੇ ਚੱਕਰ ਵਿਚ ਪੈ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ। ਉਸ ਨੇ ਸੁਨੇਹਾ ਦਿੱਤਾ। ਠੀਕ ਹੈ, ਮੈਂ ਸਤੰਬਰ ਤੱਕ ਦਿੱਲੀ ਆਵਾਂਗਾ ਗੁਰੂ ਤੇਗ ਬਹਾਦਰ ਉਥੇ ਹਾਜ਼ਰ ਹੋ ਜਾਣ, ਨਹੀਂ ਤਾਂ ਮੈਂ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਆਂਗਾ। ਬ੍ਰਾਹਮਣਾਂ ਨੇ ਬਾਦਸ਼ਾਹ ਦਾ ਸੁਨੇਹਾ ਜਾ ਗੁਰੂ ਜੀ ਨੂੰ ਸੁਣਾਇਆ। ਬਾਲ ਗੋਬਿੰਦ ਖੁਸ਼ ਸਨ। ਉਹਨਾਂ ਦੇ ਪਿਤਾ "ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ" ਦਾ ਕਾਰਜ ਕਰਨ ਲਗੇ ਹਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਆਪ ਨੂੰ ਇਸ ਲਾਸਾਨੀ ਕੁਰਬਾਨੀ ਦੇਣ ਲਈ ਤਿਆਰ ਕਰ ਲਿਆ। ਇਹਨਾਂ ਤੱਥਾਂ ਦਾ ਜ਼ਿਕਰ ਮੁਹੰਮਦ ਲਤੀਫ਼ ਨੇ ਵੀ ਕੀਤਾ ਤੇ ਗੁਰੂ ਇਤਿਹਾਸ ਦੇ ਇਤਿਹਾਸਕਾਰਾਂ ਨੇ ਵੀ ਕੀਤਾ ਹੈ।

ਦਰਅਸਲ, ਨੌਵੇਂ ਗੁਰੂ ਦੀ ਕੁਰਬਾਨੀ ਮਾਨਵਤਾ ਦੇ ਇਕ ਬੁਨਿਆਦੀ ਹੱਕ ਦੀ ਰੱਖਿਆ ਲਈ ਸੀ। ਹਰ ਵਿਅਕਤੀ ਜਿਵੇਂ ਵੀ ਚਾਹੇ, ਜਿੱਥੇ ਵੀ ਚਾਹੇ, ਆਪਣੇ ਇਸ਼ਟ ਦੀ ਪੂਜਾ ਕਰ ਸਕਦਾ ਹੈ। ਉਂਵ ਜੇ ਵੇਖਿਆ ਜਾਏ ਤਾਂ ਉਹ ਸਨਾਤਨੀ ਹਿੰਦੂਮਤ ਦੇ ਪੈਰੋਕਾਰ ਨਹੀਂ ਸੀ। ਉਹ ਬੁੱਤ ਪ੍ਰਸਤੀ, ਤਿਲਕ ਜੰਞੂ ਤੋਂ ਮੁਕਤ ਸਨ। ਕਰੜੀਆਂ ਵਲਗਣਾਂ ਵਿਚ ਬੱਝਾ ਹਿੰਦੂ ਧਰਮ ਨਾ ਜਾਤ ਪਾਤ ਤੋਂ ਮੁਕਤ ਸੀ ਨਾ ਵਰਣ-ਭੇਦ ਤੋਂ। ਗੁਰੂ ਜੀ ਤਾਂ ਹਰ ਧਰਮ ਦੇ ਅਕੀਦੇ ਵਾਲੇ ਲੋਕਾਂ ਨੂੰ ਆਪੋ ਆਪਣੀ ਵਿਧੀ ਅਨੁਸਾਰ ਪ੍ਰਭੂ ਨੂੰ ਪੂਜਣ ਦੇ ਹੱਕ ਲਈ ਬਲੀਦਾਨ ਦੇਣ ਲਈ ਤਿਆਰ ਹੋਏ ਸਨ।

ਇਹ ਕੁਰਬਾਨੀ ਲਾਸਾਨੀ ਇਸ ਲਈ ਵੀ ਹੈ ਕਿ ਗੁਰੂ ਜੀ ਦਾ ਇਹਨਾਂ ਅਸੂਲਾਂ, ਰੀਤਾਂ, ਰਸਮਾਂ ਵਿਚ ਵਿਸ਼ਵਾਸ ਨੂੰ ਬਰਕਰਾਰ ਰੱਖਣ ਲਈ, ਕੁਰਬਾਨ ਹੋਣ ਲਈ ਤਿਆਰ ਸਨ। ਹਾਲਾਂਕਿ ਉਹਨਾਂ ਦਾ ਆਪਣਾ ਵਿਸ਼ਵਾਸ ਨਹੀਂ ਸੀ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਸਾਹਿਬ ਨਾਲ ਬਹੁਤ ਸਾਰੀ ਸੰਗਤ ਵੀ ਤਿਆਰ ਹੋ ਪਈ ਕਿ ਉਹ ਵੀ ਉਹਨਾਂ ਨਾਲ ਦਿੱਲੀ ਜਾਏਗੀ। ਪਰ ਗੁਰੂ ਜੀ ਨੇ ਕੇਵਲ ਪੰਜ-ਛੇ ਸਿੱਖਾਂ ਨੂੰ ਹੀ ਨਾਲ ਲਿਜਾਣ ਦੀ ਰਜ਼ਾਮੰਦੀ ਦਿੱਤੀ। ਇਹ ਸਿੱਖ ਸਨ : ਦੀਵਾਨ ਮਤੀ ਦਾਸ, ਭਾਈ ਸਤੀ ਦਾਸ, ਭਾਈ ਉਦੈ ਸਿੰਘ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਤੇ ਭਾਈ ਜੈਤਾ ਜੀ ਸਨ।

ਹੁਣ ਰਹਿਬਰ ਗੁਰੂ ਕਮਰਕੱਸਾ ਕਸ ਲਿਆ। ਆਪਣੀ ਮਾਤਾ ਨਾਨਕੀ ਨੂੰ ਤਾਕੀਦ ਕੀਤੀ। ਆਨੰਦਪੁਰ ਦੀ ਉਸਾਰੀ ਪੂਰੀ ਹੋ ਜਾਏ। ਆਪਣੀ ਸੁਪਤਨੀ ਨੂੰ ਬਾਲਕ ਗੋਬਿੰਦ ਰਾਏ ਦੀ ਸਲਾਹਕਾਰ ਬਣ ਕੇ ਰਹਿਣ ਦਾ ਆਦੇਸ਼ ਦਿੱਤਾ। ਬਾਲ ਗੋਬਿੰਦ ਰਾਇ ਨੂੰ ਦੇਸ ਕੌਮ ਦੀ ਆਨ ਬਚਾਉਣ ਦੀ ਜ਼ਿੰਮੇਵਾਰੀ ਲਾ ਦਿੱਤੀ । ਤੇ ਆਪ ਚਲ ਪਏ ਅਗੰਮੀ ਖੇਡ ਖੇਡਣ । ਅੱਜ ਗੁਰੂ ਜੀ ਦਾ ਜਲਾਲਵੰਤ ਚਿਹਰਾ ਜਲੌਅ ਵਿਚ ਭਖ ਰਿਹਾ ਸੀ। ਇਕ ਕਲਿਆਣਕਾਰੀ ਮੁਸਕਾਨ ਉਹਨਾਂ ਦੇ ਹੋਠਾਂ ’ਤੇ ਸੀ। ਉਹਨਾਂ ਇਕ ਵਾਰ ਨਜ਼ਰ ਭਰ ਕੇ ਆਨੰਦਪੁਰ ਵਲ ਵੇਖਿਆ ਤੇ ਇਕ ਦੀਰਘ ਦ੍ਰਿਸ਼ਟੀ ਆਉਣ ਵਾਲੇ ਸਮੇਂ ਉੱਤੇ ਪਾ ਕੇ ਨਿਸ਼ਚਿੰਤ ਹੋ ਗਏ। ਬਾਲ ਗੋਬਿੰਦ ਰਾਇ ਗਭਰੂ ਹੋ ਕੇ ਸਭ ਕੁਝ ਸਹੀ ਸੰਭਾਲ ਲੈਣਗੇ। ਪਿਤਾ ਗੁਰੂ ਅੱਜ ਨਿਸ਼ਚਿੰਤ ਸਨ। ਉਹਨਾਂ ਦਾ ਦੁਲਾਰਾ ਡਰੇ ਜਾਂ ਡੋਲੇਗਾ ਨਹੀਂ। ਬਾਲ ਗੁਰੂ ਗੋਬਿੰਦ ਸਿੰਘ ਦ੍ਰਵਿਤ ਹਿਰਦੇ ਨਾਲ ਨਿਹਾਰ ਰਹੇ ਸਨ। ਪਿਤਾ ਦਾ ਮਿਸ਼ਨ ਉਚੇਰਾ ਸੀ। ਜਦੋਂ ਇਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਦਿੱਲੀ ਜਾ ਕੇ ਸ਼ਹੀਦ ਹੋਏ ਉਦੋਂ ਦਸਮ ਗੁਰੂ ਦੀ ਉਮਰ ਨੌਂ ਕੁ ਸਾਲ ਦੀ ਸੀ। ਜਿਸ ਦਾ ਜ਼ਿਕਰ ਉਹਨਾਂ ਨੇ ਸਵੈ ਰਚਿਤ ‘ਬਚਿਤ੍ਰ ਨਾਟਕ’ ਵਿਚ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ
ਕੀਨੋ ਬਡੋ ਕਲੂ ਮਹਿ ਸਾਕਾ
ਸਾਧਨਿ ਹੇਤਿ ਇਤੀ ਜਿਨਿ ਕਰੀ
ਸੀਸੁ ਦੀਯਾ ਪਰ ਸੀ ਨ ਉਚਾਰੀ
ਧਰਮ ਹੇਤ ਸਾਕਾ ਜਿਨਿ ਕੀਆ
ਸੀਸੁ ਦੀਆ ਪਰੁ ਸਿਰਰ ਨ ਦੀਆ
ਨਾਟਕ ਚੇਟਕ ਕੀਏ ਕੁਕਾਜਾ
ਪ੍ਰਭ ਲੋਗਨ ਕਹ ਆਵਤ ਲਾਜਾ
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।[3]

‘ਸ਼ਹਾਦਤ’- ਪੰਜਾਬੀ ਫ਼ਾਰਸੀ ਸ਼ਬਦ ਕੋਸ਼ ਅਨੁਸਾਰ: ਸ਼ਹੀਦ ਹੋਣਾ, ਰੱਬ ਦੇ ਰਾਹ ਵਿੱਚ ਮਾਰੇ ਜਾਣਾ, ਬੇਗੁਨਾਹ ਕਤਲ ਹੋਣਾ, ਖੁਦਾ ਦੀ ਏਕਤਾ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਰਿਸਾਲਤ ਨੂੰ ਸੱਚੇ ਦਿਲੋਂ ਮੰਨਣਾ। ‘ਸ਼ਹੀਦ ਜਾਂ ਸ਼ਹਾਦਤ’ ਦਾ ਵਿਚਾਰ ਸਾਮਾ ਸੰਸਕ੍ਰਿਤੀ ਨਾਲ ਭਾਰਤ ਵਿਚ ਆਇਆ। ਭਾਰਤ ਵਿਚ ਪਹਿਲਾਂ ਅਜਿਹੀ ਭਾਵਨਾਂ ਪ੍ਰਚਲਿਤ ਨਹੀਂ ਸੀ। ਸ਼ਹੀਦ ਦੇ ਅਰਥ ਵੀ ਇਸੇ ਸੰਦਰਭ ਵਿਚ ਲਏ ਜਾਂਦੇ ਹਨ-ਧਰਮ ਵਾਸਤੇ ਸੀਸ ਦੇਣ ਵਾਲਾ, ਜੋ ਮੁਨੱਖ ਵੈਰੀ ਨਾਲ ਜੰਗ ਕਰਦਾ ਹੋਇਆ ਸਾਹਮਣੇ ਹੋ ਕੇ ਮਾਰਿਆ ਜਾਵੇ। ਡਾ. ਵਿਸ਼ਵਨਾਥ ਤਿਵਾੜੀ ਭਾਰਤੀ ਸੰਸਕ੍ਰਿਤੀ ਅਨੁਸਾਰ ਸ਼ਹੀਦ ਦੀ ਪਰਿਭਾਸ਼ਾ ਸਿਰਜਦੇ ਹਨ: ਸ਼ਹੀਦ ਉਹ ਹੈ ਜੋ ਆਪਣੇ ਵਿਸ਼ਵਾਸ ਲਈ ਸੀਸ ਦੇ ਦੇਵੇ ਪਰ ਸਿਰਰ ਨਾ ਛੱਡੇ, ਸ਼ਹੀਦ ਉਹ ਹੈ ਜੋ ਤਸੀਹਾਂ ਦੀ ਹਾਲਤ ਵਿਚ ਆਪਣੀ ਜਾਨ ਨਾ ਬਚਾਵੇ ਤੇ ਵਿਸ਼ਵਾਸ ਨਾ ਛੱਡੇ, ਕੌਮਾਂ ਉਹਨਾਂ ਦੀਆਂ ਕੁਰਬਾਨੀਆਂ ਨਾਲ ਹੀ ਬਣਦੀਆਂ ਹਨ। ਸ਼ਹੀਦਾਂ ਦੇ ਜੀਵਨ ਚਾਨਣ ਮੁਰਾਰੇ ਹੁੰਦੇ ਹਨ, ਉਤਸ਼ਾਹ ਅਤੇ ਹੌਂਸਲੇ ਦੇ ਸੋਮੇ ਹਨ ਅਤੇ ਨੇਕ ਕਦਰਾਂ ਕੀਮਤਾਂ ਅਤੇ ਇਨਸਾਨੀਅਤ ਦੇ ਰਾਖੇ ਹਨ।[4]

ਹਿੰਦੂ ਸਿੱਖ ਧਰਮ ਦੇ ਦ੍ਰਿਸ਼ਟੀਕੋਣ ਅਨੁਸਾਰ ਸ਼ਹੀਦ ਉਹ ਹੈ ਜੋ ਦੇਸ਼ ਦੀ ਖ਼ਾਤਰ ਆਪਣੀ ਜਾਨ ਤੱਕ ਕੁਰਬਾਨ ਕਰ ਦੇਵੇ। ਸਿੱਖ ਇਤਿਹਾਸ ਧਰਮ, ਦੇਸ਼ ਅਤੇ ਕੌਮ ਲਈ ਕੀਤੀਆਂ ਕੁਰਬਾਨੀਆਂ ਅਤੇ ਬਲੀਦਾਨਾਂ ਨਾਲ ਭਰਿਆ ਪਿਆ ਹੈ।

ਸ਼ਹਾਦਤ, ਕੁਰਬਾਨੀ, ਬਲੀ ਤੇ ਬਲੀਦਾਨ ਆਦਿ ਸ਼ਬਦ ਸਮਾਰਥੀ ਹਨ। ਸ਼ਹਾਦਤ ਪਿੱਛੇ ਤਿਆਗ ਦੀ ਭਾਵਨਾ ਪ੍ਰਚੰਡ ਹੁੰਦੀ ਹੈ ਇਸੇ ਲਈ ਇਹ ਦਿੱਤੀ ਜਾਂਦੀ ਹੈ। ਇਸਦਾ ਮਨੋਰਥ ਸਮਾਜਕ ਕਲਿਆਣ ਹੁੰਦਾ ਹੈ। ਇਸ ਲਈ ਇਹ ਸਰਬੱਤ ਦੇ ਭਲੇ ਲਈ ਜਾਂ ਸਾਂਝੇ ਸਮਾਜਕ ਸਰੋਕਾਰਾਂ ਲਈ ਦਿੱਤੀ ਜਾਂਦੀ ਹੈ। ਸ਼ਹਾਦਤ ਦੇਣ ਵਾਲਾ ਆਮ ਇਨਸਾਨ ਨਹੀਂ ਹੁੰਦਾ। ਉਸ ਦਾ ਰੂਹਾਨੀ ਵਿਕਾਸ ਆਮ ਮਨੁੱਖਾਂ ਨਾਲੋਂ ਉੱਚਤਮ ਸਤਰ ਦਾ ਹੁੰਦਾ ਹੈ। ਇਹ ਕਿਸੇ ਮਹਾਪੁਰਖੀ ਰੁੱਤਬੇ ਨੂੰ ਪ੍ਰਾਪਤ ਹੋਈ ਆਤਮਾ ਦਾ ਕੌਤਕ ਹੈ। ਅਜਿਹਾ ਮਹਾਂਪੁਰਖ ਨਿੱਜ ਨੂੰ ਪਹਿਲਾਂ ਹੀ ਅੰਦਰੋਂ ਤਿਆਗ ਚੁੱਕਾ ਹੁੰਦਾ ਹੈ ਇਸ ਲਈ ਸਰੀਰ ਦਾ ਤਿਆਗ ਵੀ ਉਸ ਲਈ ਬੜਾ ਸਹਿਜ ਹੁੰਦਾ ਹੈ। ਪਰ ਹਿੱਤ ਲਈ ਦਿੱਤੀ ਗਈ ਸ਼ਹਾਦਤ ਸਮੇਂ ਹੋਈ ਮੌਤ ਉਸ ਨੂੰ ਅਮਰ ਕਰ ਜਾਂਦੀ ਹੈ। ਆਮ ਮਨੁੱਖ ਮਰਨੋਂ ਡਰਦੇ ਹੋਏ ਕੀੜਿਆਂ-ਮਕੌੜਿਆਂ ਦੀ ਮੌਤ ਮਰ ਜਾਂਦੇ ਹਨ ਤੇ ਉਨ੍ਹਾਂ ਦਾ ਨਾਂ ਉਨ੍ਹਾਂ ਦਾ ਪੁੱਤ ਪੋਤਰੇ ਵੀ ਨਹੀਂ ਲੈਂਦੇ, ਜਦਕਿ ਸਾਂਝੇ ਹਿੱਤਾਂ ਲਈ ਕੁਰਬਾਨ ਹੋਇਆ ਮਨੁੱਖ ਸਦੀਆਂ ਤੱਕ ਜਿਉਂਦਾ ਰਹਿੰਦਾ ਹੈ। ਉਸ ਦੇ ਨਾਂ ’ਤੇ ਮੇਲੇ ਲਗਦੇ ਹਨ ਤੇ ਉਹ ਲੋਕ ਮਨਾਂ ’ਤੇ ਸਦੀਆਂ ਤੱਕ ਰਾਜ ਕਰਦਾ ਹੈ। ਇਸ ਲਈ ਸ਼ਹਾਦਤ ਖੱਟਣ ਦਾ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨਾਮ ਹੈ ਨਾ ਕਿ ਗਵਾਉਣ ਦਾ। ਸਪੱਸ਼ਟ ਹੈ ਕਿ ਇਹ ਆਪਾ ਵਾਰੂ ਹੁੰਦੀ ਹੈ। ਇਹ ਪ੍ਰੇਮ ਦਾ ਮਾਰਗ ਹੈ।[5] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਹਾਦਤ ਨੂੰ ਆਪਣੀ ਬਾਣੀ ਵਿਚ ਕੁਝ ਇਸ ਤਰ੍ਹਾਂ ਅੰਕਿਤ ਕੀਤਾ ਹੈ:-

ਜੋ ਤਉ ਪ੍ਰੇਮ ਖੇਲਣ ਕਾ ਚਾਉ॥

ਸਿਰ ਧਰਿ ਤਲੀ ਗਲੀ ਮੇਰੀ ਆਉ॥

ਇਤ ਮਾਰਗਿ ਪੈਰੁ ਧਰੀਜੈ॥

ਸਿਰੁ ਦੀਜੈ ਕਾਣਿ ਨਾ ਕੀਜੈ॥ (ਪੰਨਾ-1412)

ਭਗਤ ਕਬੀਰ ਜੀ ਨੇ ਵੀ ਇਸ ਸੰਕਲਪ ਨੂੰ ਇਉਂ ਪੇਸ਼ ਕੀਤਾ ਹੈ:

ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਓ॥

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਓ॥ (ਪੰਨਾ-1105)

ਜਾਂ

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥

ਮਰਨੇ ਹੀ ਤੇ ਪਾਇਐ ਪੂਰਨ ਪਰਮਾਨੰਦੁ॥ (ਪੰਨਾ-1365)

ਭਾਵ ਸ਼ਹਾਦਤ ਦੇਣ ਵਾਲਾ ਸ਼ਹਾਦਤ ਤੋਂ ਪੀੜਿਤ ਨਾ ਹੋ ਕੇ ਉਸ ਦਾ ਅਨੰਦ ਲੈਂਦਾ ਹੈ। ਇਸੇ ਲਈ ਭਾਈ ਮਨੀ ਸਿੰਘ ਜੀ ਵਰਗੇ ਮਹਾਂਪੁਰਖ ਜੱਲਾਦ ਨੂੰ ਬੰਦ ਬੰਦ ਕੱਟਣ ਦਾ ਹੁਕਮ ਦਿੰਦੇ ਹਨ। ਸਵੈ ਸਪੱਸ਼ਟ ਹੈ ਕਿ ਇਹ ਸੂਰਮਿਆਂ ਦਾ ਕਰਤਬ ਹੈ।

ਸਪੱਸ਼ਟ ਹੈ ਕਿ ਸ਼ਹਾਦਤ ਬਿਨਾਂ ਕਿਸੇ ਲੋਭ ਲਾਲਚ ਤੋਂ ਦਿੱਤੀ ਜਾਂਦੀ ਹੈ। ਇਹ ਇਕ ਅਜਿਹੀ ਖੇਡ ਹੈ ਜਿਸ ਵਿਚ ਜਾਨ ਲੈਣ ਵਾਲਾ ਹਾਰ ਜਾਂਦਾ ਹੈ ਤੇ ਸਦਾ ਲਈ ਕਲੰਕਿਤ ਹੋ ਜਾਂਦਾ ਹੈ ਤੇ ਜਾਨ ਦੇਣ ਵਾਲਾ ਜਿੱਤ ਜਾਂਦਾ ਹੈ ਤੇ ਸਦੀਆਂ ਦੀ ਸ਼ਲਾਘਾ ਦਾ ਪਾਤਰ ਬਣ ਜਾਂਦਾ ਹੈ। ਸ਼ਹਾਦਤ ਇੰਨੀ ਸਸ਼ਕਤ ਹੁੰਦੀ ਹੈ ਕਿ ਆਪਣੇ ਪੱਖ ਵਿੱਚ ਇਤਿਹਾਸ ਲਿਖਵਾਉਣ ਵਾਲੀਆਂ ਸਥਾਪਿਤ ਧਿਰਾਂ ਵੀ ਸ਼ਹਾਦਤ 'ਤੇ ਪੜਦਾ ਨਹੀਂ ਪਾ ਸਕਦੀਆਂ ਕਿਉਂਕਿ ਸ਼ਹਾਦਤਾਂ ਦਾ ਇਤਿਹਾਸ ਲੋਕ ਸੀਨਿਆਂ ਵਿੱਚ ਬਹੁਤ ਗਹਿਰਾ ਖੁਣਿਆ ਜਾਂਦਾ ਹੈ।

ਕੁੱਲ ਮਿਲਾ ਕੇ ਆਖਿਆ ਜਾ ਸਕਦਾ ਹੈ ਕਿ ਸ਼ਹਾਦਤ ਇਕ ਉੱਚਾ ਸੁੱਚਾ ਤੇ ਮਹਾਂ ਪਵਿੱਤਰ ਜਜ਼ਬਾ ਹੈ ਜੋ ਹਮੇਸ਼ਾਂ ਲੋਕ ਹਿੱਤ ਵਿਚ ਸਹਾਈ ਹੁੰਦਾ ਹੈ। ਸਵੈ ਦੇ ਤਿਆਗ ਰਾਹੀਂ ਇਹ ਜ਼ਾਲਮ ਨੂੰ ਦਿੱਤੀ ਜਾਣ ਵਾਲੀ ਅਜਿਹੀ ਟੱਕਰ ਹੈ ਜਿਸ ਦੇ ਸਨਮੁਖ ਜ਼ੁਲਮ ਵੀ ਆਪਣੀ ਹਾਰ ਕਬੂਲ ਕਰ ਲੈਂਦਾ ਹੈ। ਇੱਥੇ ਨਿਰਦਈ ਤੇ ਜ਼ਾਲਮ ਤਰਸ ਦਾ ਪਾਤਰ ਬਣ ਜਾਂਦਾ ਹੈ ਤੇ ਸ਼ਹਾਦਤੀ ਸੂਰਮਾਂ ਬਣ ਕੇ ਉੱਭਰਦਾ ਹੈ।

ਆਮ ਵਿਅਕਤੀ ਆਪਣਾ ਜੀਵਨ ਭੈਅ ਅਧੀਨ ਜਿਉਂਦਾ ਹੈ। ਸਭ ਤੋਂ ਵੱਡਾ ਭੈਅ ਮੌਤ ਦਾ ਹੁੰਦਾ ਹੈ। ਦੇਹ ਦੀ ਮਨੁੱਖੀ ਹੋਂਦ ਦੀ ਸਭ ਤੋਂ ਵੱਡੀ ਪਦਾਰਥਕ ਪ੍ਰਾਪਤੀ ਹੈ। ਇਸਦੇ ਖੁੱਸ ਜਾਣ ਦਾ ਡਰ ਹੀ ਸਭ ਤੋਂ ਭਿਆਨਕ ਭੈਅ ਬਣ ਜਾਂਦਾ ਹੈ। ਇਹ ਡਰ ਮਨੁੱਖ ਦੇ ਨਾਲ-ਨਾਲ ਚਲਦਾ ਹੈ। ਪਦਾਰਥ ਦੇ ਵੱਧਣ ਨਾਲ ਦੁੱਖ ਵੀ ਵੱਧਦਾ ਜਾਂਦਾ ਹੈ। ਮਨੁੱਖੀ ਚੇਤਨਾ ਇਸ ਦੁੱਖ ਤੋਂ ਮੁਕਤ ਹੋਣ ਦਾ ਯਤਨ ਕਰਦੀ ਹੈ। ਮਨੁੱਖ ਜਦੋਂ ਧਰਮ ਮਾਰਗ ਤੇ ਚਲਣਾ ਸ਼ੁਰੂ ਕਰਦਾ ਹੈ ਤਾਂ ਉਸਨੂੰ ਹਰ ਕਿਸਮ ਦੇ ਡਰ ਤੋਂ ਮੁਕਤੀ ਮਿਲ ਜਾਂਦੀ ਹੈ। ਮਾਨਵੀ ਚੇਤਨਾ ਭੈਅ ਮੁਕਤਤਾ ਵਲ ਵੱਧਦੀ ਹੋਈ ਧਰਮ ਵਜੂਦ ਵਿਚ ਮਿਲ ਕੇ ਜੀਵਨ ਮੁਕਤ ਹੋ ਕੇ ਪਰਮ ਸ਼ਕਤੀ ਨਾਲ ਇਕਮਿਕ ਹੋ ਜਾਂਦੀ ਹੈ। ਜਿਸ ਮੌਤ ਦਾ ਭੈਅ ਮਨੁੱਖ ਨੂੰ ਸਾਰਾ ਜੀਵਨ ਸਤਾਉਂਦਾ ਹੈ, ਉਸਤੋਂ ਮੁਕਤ ਹੋ ਕੇ ਮਨੁੱਖਤਾ ਲਈ ਦਿੱਤੀ ਗਈ ਕੁਰਬਾਨੀ ਸ਼ਹਾਦਤ ਅਖਵਾਉਂਦੀ ਹੈ। ਸ਼ਹਾਦਤ ਤਸ਼ੱਦਦ ਅਤੇ ਅਤਿਆਚਾਰਾਂ ਦੇ ਵਿਰੁੱਧ ਇਕ ਖਾਮੋਸ਼ ਪ੍ਰਤੀਕਿਰਿਆ ਹੈ। ਸਹਿਣਸ਼ੀਲਤਾ ਜਿਸਦਾ ਆਧਾਰ ਬਣਦੀ ਹੈ। ਸ਼ਹਾਦਤ ਸੱਚ ਨੂੰ ਸਥਾਪਤ ਕਰਨ ਦਾ ਸ਼ਕਤੀਸ਼ਾਲੀ ਸਾਧਨ ਹੋ ਨਿਬੜਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਧਾਂਤਾਂ ਪ੍ਰਤੀ ਪ੍ਰਤੀਬੱਧਤਾ ਅਤੇ ਸਚਾਈ ਦਾ ਇਕ ਵਿਰਾਟ ਪ੍ਰਕਾਸ਼ਨ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸ਼ਹਾਦਤ ਮਨੁੱਖ ਨੂੰ ਦਮਨ, ਜ਼ੁਲਮ ਤੇ ਜਬਰ ਦੇ ਵਿਰੁੱਧ ਭੈਅ ਅਤੇ ਵੈਰ ਰਹਿਤ ਸੰਜਮ ਧਾਰਣ ਕਰਕੇ ਸਹਿਜ ਅਤੇ ਸ਼ਾਂਤ ਜੀਵਨ ਮਾਰਗ ਧਾਰਣ ਕਰਦਿਆਂ, ਬ੍ਰਹਿਮੰਡੀ ਹੋਂਦ ਨਾਲ ਇਕਸੁਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਡਾ. ਗੁਰਭਗਤ ਸਿੰਘ ਸਿੱਖ ਦ੍ਰਿਸ਼ਟੀ ਦਾ ਗੌਰਵ ਪੁਸਤਕ ਵਿਚ ਇਸਨੂੰ 'ਉਦਾਤ ਸ਼ਹਾਦਤ' ਅਤੇ ਕੈਲੇਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਨੋਇਲ ਕਿੰਗ ਇਸਨੂੰ 'ਮਨੁੱਖੀ ਅਧਿਕਾਰਾਂ' ਲਈ ਦਿੱਤੀ ਗਈ ਪਹਿਲੀ ਸ਼ਹਾਦਤ ਦਾ ਨਾਂ ਦਿੰਦੇ ਹਨ।[6]

ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀਅਤ ਦਾ ਧੁਰਾ ਇਹ ਕਥਨ "ਨਾ ਡਰੋ, ਨਾ ਡਰਾਓ" ਸੀ। ਇਸ ਤਰ੍ਹਾਂ ਉਹਨਾਂ ਕਥਨੀ ਤੇ ਕਰਨੀ ਵਿਚ ਸੁਮੇਲ ਪੈਦਾ ਕਰਕੇ ਵਿਖਾਇਆ।

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।

ਗੁਰੂ ਤੇਗ ਬਹਾਦਰ ਜੀ ਨਾ ਤਿਲਕ ਲਾਉਂਦੇ ਸਨ, ਨਾ ਜੰਞੂ ਪਾਉਂਦੇ ਸਨ ਅਤੇ ਨਾ ਮੂਰਤੀ ਪੂਜਾ ਕਰਦੇ ਸਨ। ਨਾਂ ਹੀ ਉਨ੍ਹਾਂ ਦਾ ਵਰਨ-ਆਸ਼ਰਮਾਂ ਵਿਚ ਵਿਸ਼ਵਾਸ ਸੀ, ਨਾ ਹੀ ਸਿਮ੍ਰਤੀਆਂ ਅਤੇ ਸ਼ਾਸਤਰਾਂ ਵਿਚ ਨਿਸਚਾ। ਉਹ ਆਜ਼ਾਦੀ ਦੇ ਮਤਵਾਲੇ ਧਰਮ ਦੀ ਆਜ਼ਾਦੀ ਲਈ ਸ਼ਮ੍ਹਾਂ ਤੇ ਜਲਣ ਵਾਲੇ ਪਰਵਾਨੇ ਸਨ। ਦੂਜਿਆਂ ਦੇ ਜੀਵਨ ਢੰਗ ਦੀ ਆਜ਼ਾਦੀ ਲਈ ਸੂਲੀ ਨੂੰ ਚੁੰਮਣ ਵਾਲੇ ਅਤੇ ਸ਼ਹਾਦਤ ਦੇ ਰਾਹ ਤੇ ਤੁਰਨ ਵਾਲੇ ਮਹਾਨ ਗੁਰੂ ਸਨ। ਆਪਣੇ ਅਸੂਲਾਂ ਲਈ ਕੁਰਬਾਨੀ ਦੀ ਕਹਾਣੀ ਤਾਂ ਇਤਿਹਾਸ ਵਿਚ ਹੈ-ਇਕ ਦੀ ਨਹੀਂ, ਅਨੇਕਾਂ ਦੀ, ਪਰ ਦੂਜੇ ਦੇ


© Copyright @ Authors

ਅਸੂਲਾਂ ਦੀ ਰੱਖਿਆ ਲਈ ਸ਼ਹਾਦਤ ਦਾ ਜਾਮ ਪੀਣਾ ਕੇਵਲ ਗੁਰੂ ਘਰ ਦੇ ਹਿੱਸੇ ਆਇਆ ਹੈ। ਗੁਰੂ ਘਰ ਤਿਲਕ ਜੰਞੂ ਮੂਰਤੀ ਦੇ ਵਿਰੁੱਧ ਹੈ। ਗੁਰੂ ਨਾਨਕ ਜੀ ਨੇ ਜੰਞੂ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਮੂਰਤੀ ਪੂਜਾ ਦੇ ਖਿਲਾਫ ਗਗਨ ਮੈਂ ਥਾਲਿ----------- ਦੀ ਆਰਤੀ ਉਚਾਰੀ ਸੀ। ਤਿਲਕ ਲਗਾ ਕੇ ਸਾਧਾਰਨ ਲੋਕਾਂ ਨੂੰ ਲੁੱਟਣ ਵਾਲਿਆਂ ਦੇ ਖਿਲਾਫ ਆਵਾਜ਼ ਉਠਾਈ ਪਰ ਅੱਜ ਗੁਰੂ ਘਰ, ਬਾਬਾ ਨਾਨਕ, ਨੌਵਾਂ ਨਾਨਕ ਤਿਲਕ, ਜੰਞੂ ਦੀ ਰੱਖਿਆ ਲਈ ਦਿੱਲੀ ਨੂੰ ਤੁਰ ਪਿਆ ਸੀ:-

ਨੌਂ ਵਰ੍ਹਿਆਂ ਦੇ ਨਾਨਕ ਨੇ
ਆਪ ਜੰਞੂ ਨਹੀਂ ਪਾਇਆ
ਨੌਂ ਵਰ੍ਹਿਆਂ ਦੇ ਗੋਬਿੰਦ ਨੇ
ਨੌਵੇਂ ਨਾਨਕ ਨੂੰ
ਜੰਞੂ ਦੀ ਰੱਖਿਆ ਲਈ
ਵਿਦਾ ਕੀਤਾ ਤੇ ਮੁਸਕਾਇਆ

ਵਿਸ਼ਵ ਦੇ ਇਤਿਹਾਸ ਵਿਚ ਕੋਈ ਹੋਰ ਅਜਿਹੀ ਮਿਸਾਲ ਨਹੀਂ ਮਿਲਦੀ, ਜਿੱਥੇ ਧਰਮ ਦੀ ਰੱਖਿਆ ਲਈ ਤਿੰਨ ਪੀੜੀਆਂ ਨੇ ਕੁਰਬਾਨੀ ਦਿੱਤੀ ਹੋਵੇ। ਤਿਆਗ ਮਲ ਆਪਣੇ ਅਦੁੱਤੀ ਤਿਆਗ ਕਰਕੇ ਗੁਰੂ ਤੇਗ ਬਹਾਦਰ ਬਣੇ।

ਮੇਰਾ ਗੁਰੂ ਤਾਂ ਅਦੁੱਤੀ ਹੈ
ਅਨੋਖੀ ਉਸਦੀ ਕਹਾਣੀ ਹੈ
ਪੰਜਾ ਪੁਸ਼ਤਾਂ ਦੀ ਲਗਾਤਾਰ ਕੁਰਬਾਨੀ ਹੈ।
------------------------------
ਹਿੰਦ ਦੀ ਚਾਦਰ ਦਾ ਇਕ ਪੱਲਾ
ਦਿੱਲੀ ਦੇ ਚਾਂਦਨੀ ਚੋਂਕ ਅੰਦਰ
ਆਪਣੇ ਖ਼ੂਨ ਨਾਲ ਰੰਗਿਆ
ਦੂਜੇ ਲਈ ਪੁੱਤਰ ਦੀ ਕੁਰਬਾਨੀ
ਦੱਖਣ ਵਿਚ ਨੰਦੇੜ ਨੂੰ ਚੁਣਿਆ
ਤੀਜੇ ਲਈ ਪਿਆਰੇ
ਦੋ ਪੋਤਰਿਆਂ ਨੇ
ਚਮਕੌਰ ਅੰਦਰ ਸ਼ਹੀਦ ਕਰਵਾਇਆ
ਤੇ ਚੌਥੇ ਲਈ
ਦੋ ਫੁੱਲਾਂ ਨੂੰ
ਦੀਵਾਰਾਂ ਵਿਚ ਚਿਨਵਾਇਆ।
ਇੰਝ ਹਿੰਦ ਦੀ ਚਾਦਰ ਨੇ
ਧਰਮ ਦੀ ਚਾਦਰ ਨੂੰ
ਇਤਿਹਾਸ ਅੰਦਰ ਵਛਾ ਦਿੱਤਾ
ਮਨਸੂਰ ਹਕੀਕਤ ਤੇ ਈਸਾ
ਮੰਨਿਆ ਚਾਨਣ ਮੁਨਾਰੇ ਨੇ
ਪਰ ਕੋਮ ਲਈ ਕੁਲ ਬੰਸ ਦੀ ਕੁਰਬਾਨੀ
ਇਤਿਹਾਸ ਦੀ ਇਕੋ ਇਕ ਕਹਾਣੀ ਹੈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਘਰ ਦੀ ਇਹੋ ਇਕ ਨਿਸ਼ਾਨੀ ਹੈ।[7]

## ਹਵਾਲੇ ਅਤੇ ਟਿੱਪਣੀਆਂ


1. ਡਾ. ਤ੍ਰਿਲੋਚਨ ਸਿੰਘ, ਗੁਰ ਬਿਲਾਸ ਪਾਤਸ਼ਾਹੀ 6, ਪੰਨਾ 1039
2. ਭਾਈ ਮਨੀ ਸਿੰਘ, ਸਿੱਖਾਂ ਦੀ ਭਗਤ ਮਾਲਾ, ਪੰਨਾ 115
3. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਬਚਿਤ੍ਰ ਨਾਟਕ, ਪੰਨਾ 10
4. ਡਾ. ਵਿਸ਼ਵਨਾਥ ਤਿਵਾੜੀ, ਸ਼ਹਾਦਤ, ਪੰਨਾ 3
5. ਡਾ. ਰਾਮ ਮੂਰਤੀ, ਸ਼ਹਾਦਤ ਦਾ ਸਕੰਲਪ: ਰੂਹਾਨੀ ਪਰਿਪੇਖ, ਪੰਨਾ 31
6. ਡਾ. ਮਹਿਲ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਬਾਣੀ ਤੇ ਸ਼ਹਾਦਤ ਦਾ ਗੌਰਵ, ਪੰਨਾ 9
7. ਡਾ. ਵਿਸ਼ਵਾਨਾਥ ਤਿਵਾੜੀ, ਸਿਮਰਨ ਤੋਂ ਸ਼ਹਾਦਤ ਤੱਕ ਪੰਨਾ 38



© Copyright @ Authors